AQA

# A-level
# PANJABI

Paper 3 Listening Test Transcript

Time allowed: 2 hours 30 minutes

**NOT TO BE OPENED UNTIL AFTER THE EXAMINATION**

Enclosed is a copy of the transcript of the text of the Listening Test. This packet must not be opened until after the examination.

After the examination, the transcript should be kept for future use by teachers.

## Section A

## Listening

*(2 minutes and 19 seconds: tracks 02–10)*

**Question 01**

**ਪੰਜਾਬ ਵਿੱਚ ਘੱਟ ਗਿਣਤੀਆਂ**

ਪੰਜਾਬੀ ਰੇਡੀਓ ਤੇ ਪੰਜਾਬ ਵਿੱਚ ਘੱਟ ਗਿਣਤੀਆਂ ਬਾਰੇ ਰਿਪੋਰਟ ਦਾ ਇੱਕ ਹਿੱਸਾ ਸੁਣੋ।

ਪੰਜਾਬ ਵਿੱਚ ਮੁੱਖ ਤੌਰ ਤੇ ਪੰਜਾਬੀਆਂ ਦੀ ਆਬਾਦੀ ਸਿੱਖਾਂ ਅਤੇ ਹਿੰਦੂਆਂ ਦੀ ਹੈ, ਇਸ ਦੇ ਮੁਕਾਬਲੇ ਮੁਸਲਮਾਨ, ਈਸਾਈ ਅਤੇ ਹੋਰ ਛੋਟੇ-ਛੋਟੇ ਧਰਮਾਂ ਦੇ ਲੋਕ ਘੱਟ ਗਿਣਤੀ ਵਿੱਚ ਹਨ। ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਇਸ ਕਰਕੇ ਪੰਜਾਬ ਵਿੱਚ ਘੱਟ ਗਿਣਤੀਆਂ ਨਾਲ ਨਸਲ, ਧਰਮ, ਰੰਗ ਅਤੇ ਲਿੰਗ ਦੇ ਆਧਾਰ ਤੇ ਕੋਈ ਵੀ ਵਿਤਕਰਾ ਨਹੀਂ ਹੋਣਾ ਚਾਹੀਦਾ। ਆਜ਼ਾਦੀ ਤੋਂ ਪਹਿਲਾਂ ਨੀਵੀਂ ਜਾਤ ਦੇ ਲੋਕਾਂ ਨਾਲ ਬਹੁਤ ਵਿਤਕਰਾ ਹੁੰਦਾ ਸੀ, ਉਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਕਈ ਧਰਮ ਅਸਥਾਨਾਂ ਵਿੱਚ ਜਾਣ ਦੀ ਵੀ ਮਨਾਹੀ ਸੀ। ਪਰ ਆਜ਼ਾਦੀ ਤੋਂ ਬਾਅਦ, ਨਸਲੀ ਵਿਤਕਰੇ ਦੇ ਵਿਰੁੱਧ ਕਾਨੂੰਨ ਬਣਾਇਆ ਗਿਆ ਹੈ, ਜਿਸ ਦੇ ਅਧੀਨ ਨਸਲੀ ਭਿੰਨ-ਭੇਦ ਕਰਨ ਵਾਲੇ ਵਿਅਕਤੀ ਲਈ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਘੱਟ ਗਿਣਤੀਆਂ ਨੂੰ ਆਰਥਿਕ ਪੱਖੋਂ ਉੱਚੀਆਂ ਜਾਤੀਆਂ ਦੇ ਬਰਾਬਰ ਕਰਨ ਲਈ, ਉਨ੍ਹਾਂ ਦੇ ਬੱਚਿਆਂ ਦੀ ਸਕੂਲ ਵਿੱਚ ਪੜ੍ਹਾਈ ਲਈ ਵਜ਼ੀਫੇ ਦਾ ਪ੍ਰਬੰਧ ਕੀਤਾ ਗਿਆ। ਇੱਥੇ ਹੀ ਬੱਸ ਨਹੀਂ, ਘੱਟ ਗਿਣਤੀ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਉਨ੍ਹਾਂ ਲਈ ਜਗ੍ਹਾ ਵੀ ਰਾਖਵੀਂਆਂ ਰੱਖੀਆਂ ਗਈਆਂ। ਅਸਲ ਵਿੱਚ, ਕੁਝ ਨੀਵੀਂ ਜਾਤੀ ਦੇ ਲੋਕ ਜਿਹੜੇ ਪਹਿਲਾਂ ਆਰਥਿਕ ਪੱਖੋਂ ਕਮਜ਼ੋਰ ਸਨ, ਹੁਣ ਉੱਚੀ ਜਾਤੀ ਦੇ ਲੋਕਾਂ ਨਾਲੋਂ ਵੀ ਅਮੀਰ ਹੋ ਗਏ ਹਨ ਪਰ ਉਹ ਹਾਲੇ ਵੀ ਨੌਕਰੀਆਂ ਵਿੱਚ ਰਾਖਵੇਂਕਰਨ ਦਾ ਲਾਭ ਉਠਾ ਰਹੇ ਹਨ। ਇਸ ਕਰਕੇ ਪੰਜਾਬ ਸਰਕਾਰ ਨੂੰ ਹੁਣ ਯੋਗਤਾ ਦੇ ਆਧਾਰ ਤੇ ਨੌਕਰੀਆਂ ਦੇਣੀਆਂ ਚਾਹੀਦੀਆਂ ਹਨ ਨਾ ਕਿ ਰਾਖਵੇਂਕਰਨ ਦੇ ਆਧਾਰ ਤੇ।

*(3 minutes and 05 seconds: tracks 11–24)*

**Question 02**

**ਪੰਜਾਬ ਦੀ ਚੋਣ ਪ੍ਰਕਿਰਿਆ**

ਰੇਡੀਓ ਪ੍ਰੋਗਰਾਮ ਤੇ ਪੰਜਾਬ ਦੀ ਚੋਣ ਪ੍ਰਕਿਰਿਆ ਬਾਰੇ ਗੱਲਬਾਤ ਸੁਣੋ।

**M** ‘ਕੌਣ ਬਣੇਗਾ ਮੁੱਖ ਮੰਤਰੀ?’ ਪ੍ਰੋਗਰਾਮ ਵਿੱਚ ਮੈਂ ਤੁਹਾਨੂੰ ‘ਜੀ ਆਇਆਂ’ ਆਖਦਾ ਹਾਂ! ਪੰਜਾਬ ਵਿਧਾਨ ਸਭਾ ਦੇ ਮੈਬਰਾਂ ਤੇ ਮੁੱਖ ਮੰਤਰੀ ਦੀ ਚੋਣ ਪ੍ਰਕਿਰਿਆ ਅਤੇ ਵਿਧਾਨ ਸਭਾ ਤੇ ਸੰਸਦ ਦੇ ਕਾਨੂੰਨਾਂ ਦੇ ਅਧਿਕਾਰ ਖੇਤਰ ਬਾਰੇ ਸਾਨੂੰ ਕੁਝ ਦੱਸੋ?

**F** ਵਿਧਾਨ ਸਭਾ ਦੇ ਮੈਬਰਾਂ ਨੂੰ ਲੋਕ ਸਿੱਧੀ ਚੋਣ ਪ੍ਰਣਾਲੀ ਰਾਹੀਂ ਚੁਣਦੇ ਹਨ। ਰਾਜ ਦੇ ਹਰ ਵਸਨੀਕ ਨੂੰ ਜਿਸ ਦੀ ਉਮਰ ਅਠਾਰਾਂ ਸਾਲ ਜਾਂ ਇਸ ਤੋਂ ਵੱਧ ਹੋਵੇ, ਵੋਟ ਪਾਉਣ ਦਾ ਅਧਿਕਾਰ ਹੈ। ਕਿਸੇ ਵੀ ਰਾਜ ਦੇ ਵਿਧਾਨ ਸਭਾ ਦੇ ਮੈਬਰਾਂ ਦੀ ਗਿਣਤੀ ਉਸ ਰਾਜ ਦੇ ਖੇਤਰਫਲ ਅਤੇ ਜਨ-ਸੰਖਿਆ ਤੇ ਨਿਰਭਰ ਕਰਦੀ ਹੈ। ਜਿਸ ਰਾਜਨੀਤਕ ਪਾਰਟੀ ਦੇ ਵਿਧਾਨ ਸਭਾ ਵਿੱਚ ਸਭ ਤੋਂ ਵੱਧ ਮੈਂਬਰ ਹੁੰਦੇ ਹਨ, ਉਸ ਪਾਰਟੀ ਨੂੰ ਰਾਜਪਾਲ ਸਰਕਾਰ ਬਣਾਉਣ ਲਈ ਸੱਦਾ ਦਿੰਦਾ ਹੈ। ਜੇਤੂ ਪਾਰਟੀ ਦੇ ਜਿਹੜੇ ਮੈਂਬਰ ਨੂੰ ਵਿਧਾਨ ਸਭਾ ਦੇ ਅੱਧ ਤੋਂ ਵੱਧ ਮੈਂਬਰਾਂ ਦਾ ਸਮਰਥਨ ਮਿਲਦਾ ਹੈ ਉਸ ਨੂੰ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਦਿੱਤਾ ਜਾਂਦਾ ਹੈ। ਸੰਵਿਧਾਨ ਦੇ ਅਨੁਸਾਰ, ਵਿਧਾਨ ਸਭਾ ਅਤੇ ਸੰਸਦ ਦੇ ਬਣਾਏ ਹੋਏ ਕਾਨੂੰਨਾਂ ਵਿੱਚ ਮੱਤ-ਭੇਦ ਪੈਦਾ ਹੋ ਜਾਣ ਤੇ ਸੰਸਦ ਦੁਆਰਾ ਪਾਸ ਕੀਤੇ ਗਏ ਕਾਨੂੰਨ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ।

**M** ਮੁੱਖ ਮੰਤਰੀ ਅਤੇ ਉਸ ਦੇ ਮੰਤਰੀਆਂ ਕੋਲ ਕਾਫੀ ਸ਼ਕਤੀਆਂ ਹੁੰਦੀਆਂ ਹਨ। ਕੀ ਉਨ੍ਹਾਂ ਨੂੰ ਸੰਵਿਧਾਨ ਵੱਲੋਂ ਮਿਲੀਆਂ ਸ਼ਕਤੀਆਂ ਕਰਕੇ ਉਹ ਤਾਨਾਸ਼ਾਹ ਵੀ ਹੋ ਸਕਦੇ ਹਨ?

**F** ਮੁੱਖ ਮੰਤਰੀ ਅਤੇ ਬਾਕੀ ਮੰਤਰੀ ਕਦੇ ਵੀ ਆਪਣੀ ਮਨਮਾਨੀ ਨਹੀਂ ਕਰ ਸਕਦੇ ਕਿਉਂਕਿ ਉਹ ਆਪਣੇ ਸਾਰੇ ਕੰਮਾਂ ਲਈ ਵਿਧਾਨ ਸਭਾ ਪ੍ਰਤੀ ਜਵਾਬਦੇਹ ਹੁੰਦੇ ਹਨ। ਵਿਧਾਨ ਸਭਾ ਦੇ ਮੈਂਬਰ ਮੁੱਖ ਮੰਤਰੀ ਜਾਂ ਕਿਸੇ ਵੀ ਮੰਤਰੀ ਕੋਲੋਂ ਉਨ੍ਹਾਂ ਦੇ ਕੰਮ-ਕਾਜ ਨਾਲ ਸੰਬੰਧਿਤ ਕੋਈ ਵੀ ਪ੍ਰਸ਼ਨ ਪੁੱਛ ਸਕਦੇ ਹਨ। ਸੰਤੁਸ਼ਟੀਜਨਕ ਉੱਤਰ ਨਾ ਮਿਲਣ ਦੀ ਸੂਰਤ ਵਿੱਚ ਉਹ ਕਿਸੇ ਵੇਲੇ ਵੀ ਨਾ ਭਰੋਸੇ ਦਾ ਵੋਟ ਪਾ ਕੇ ਮੁੱਖ ਮੰਤਰੀ ਜਾਂ ਕਿਸੇ ਵੀ ਮੰਤਰੀ ਨੂੰ ਉਸ ਦੇ ਅਹੁਦੇ ਤੋਂ ਹਟਾ ਵੀ ਸਕਦੇ ਹਨ।

*(2 minutes and 38 seconds: tracks 25 – 37)*

**Question 03**

**ਪੰਜਾਬੀਆਂ ਦਾ ਪਰਵਾਸ ਪ੍ਰਤੀ ਬਦਲਦਾ ਦ੍ਰਿਸ਼ਟੀਕੋਣ**

ਤੁਸੀਂ ਪੰਜਾਬੀਆਂ ਦੇ ਪਰਵਾਸ ਪ੍ਰਤੀ ਬਦਲਦੇ ਦ੍ਰਿਸ਼ਟੀਕੋਣ ਬਾਰੇ ਗੱਲਬਾਤ ਸੁਣਦੇ ਹੋ।

**M** ਕੀ ਪੰਜਾਬ ਦੇ ਲੋਕਾਂ ਵਿੱਚ ਸ਼ੁਰੂ ਤੋਂ ਹੀ ਪਰਵਾਸ ਵਿੱਚ ਜਾ ਕੇ ਵਸਣ ਦਾ ਰੁਝਾਨ ਸੀ?

**F** ਪਹਿਲਾਂ ਪਹਿਲ ਪੰਜਾਬੀ ਰੋਜ਼ੀ-ਰੋਟੀ ਦੀ ਭਾਲ ਵਿੱਚ ਆਪਣਾ ਜਨਮ ਸਥਾਨ ਛੱਡ ਕੇ ਅਹਿਮਦਾਬਾਦ, ਕਲਕੱਤਾ ਅਤੇ ਦਿੱਲੀ ਵਰਗੇ ਦੇਸ਼ ਦੇ ਉਦਯੋਗਿਕ ਸ਼ਹਿਰਾਂ ਵਿੱਚ ਜਾਂਦੇ ਸਨ ਅਤੇ ਬਹੁਤ ਹੀ ਘੱਟ ਲੋਕ ਆਪਣੇ ਗੁਆਂਢੀ ਦੇਸ਼ ਬਰਮਾ ਆਦਿ ਜਾਂਦੇ ਸਨ।

**M** ਤੁਸੀਂ ਬਿਲਕੁਲ ਠੀਕ ਕਿਹਾ ਹੈ। ਪਹਿਲਾਂ ਕੋਈ ਵਿਰਲਾ ਹੀ ਪੰਜਾਬੀ ਘਰ ਛੱਡ ਕੇ ਬਾਹਰ ਜਾਂਦਾ ਸੀ। ਫਿਰ ਪੰਜਾਬੀਆਂ ਵਿੱਚ ਪਰਵਾਸ ਦਾ ਰੁਝਾਨ ਕਿਵੇਂ ਸ਼ੁਰੂ ਹੋਇਆ ਅਤੇ ਇਸ ਦੇ ਕੀ ਕਾਰਨ ਸਨ?

**F** ਸਾਡੀਆਂ ਸਰਕਾਰਾਂ ਨੇ ਬੜੇ ਲੰਬੇ ਸਮੇਂ ਤੱਕ ਪੰਜਾਬ ਦੇ ਹਿਤਾਂ ਨੂੰ ਅਣਡਿੱਠਾ ਕੀਤਾ। ਪੰਜਾਬ ਦੇ ਹਾਕਮਾਂ ਨੇ ਆਪਣੀਆਂ ਤਿਜੋਰੀਆਂ ਭਰਨ ਦੀ ਆਸ ਵਿੱਚ, ਪੰਜਾਬ ਦੀ ਉਪਜਾਊ ਜ਼ਮੀਨ ਨੂੰ ਬੰਜਰ ਬਣਾ ਦਿੱਤਾ ਅਤੇ ਪੰਜਾਬ ਦੇ ਪਾਣੀ ਅਤੇ ਸਮੁੱਚੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਦਿੱਤਾ। ਪੰਜਾਬ ਦੇ ਨੌਜਵਾਨ ਛੋਟੇ-ਛੋਟੇ ਸਰਕਾਰੀ ਕੰਮ ਕਰਾਉਣ ਲਈ ਅਫਸਰਾਂ ਵੱਲੋਂ ਪੈਸੇ ਮੰਗਣ ਅਤੇ ਨਸ਼ਿਆਂ ਦੀ ਭਰਮਾਰ ਤੋਂ ਤੰਗ ਆ ਕੇ ਪਰਵਾਸ ਵੱਲ ਰੁਖ ਕਰਨ ਲੱਗੇ।

**M** ਫਿਰ ਪੰਜਾਬ ਵਿੱਚ ਨਸ਼ਿਆਂ ਦੀ ਸ਼ੁਰੂਆਤ ਕਿਵੇਂ ਹੋਈ?

**F** ਪਹਿਲਾਂ ਸਮੈਕ ਜਾਂ ਹੈਰੋਇਨ ਵਰਗੇ ਘਾਤਕ ਨਸ਼ੇ ਪੰਜਾਬ ਦੇ ਵਿੱਚੋਂ ਦੀ ਹੋ ਕੇ ਦੂਸਰੇ ਰਾਜਾਂ ਨੂੰ ਜਾਂਦੇ ਸਨ, ਪਰ ਸੁਆਰਥੀ ਆਗੂਆਂ ਅਤੇ ਨੌਕਰਸ਼ਾਹੀ ਨੇ ਪੰਜਾਬ ਦੇ ਭਵਿੱਖ ਦੀ ਪਰਵਾਹ ਕੀਤੇ ਬਿਨਾਂ ਪੈਸਾ ਕਮਾਉਣ ਨੂੰ ਪਹਿਲ ਦਿੱਤੀ ਅਤੇ ਪੰਜਾਬ ਨੂੰ ਨਸ਼ਿਆਂ ਦਾ ਗੜ੍ਹ ਬਣਾ ਦਿੱਤਾ।

**M** ਜੇ ਅੱਜ ਕੱਲ੍ਹ ਪਰਵਾਸ ਦੀ ਗੱਲ ਕਰੀਏ ਤਾਂ ਪੰਜਾਬੀਆਂ ਦਾ ਪਰਵਾਸ ਪ੍ਰਤੀ ਕਿਹੋ ਜਿਹਾ ਰੁਝਾਨ ਹੈ?

**F** ਅੱਜ ਵੀ ਆਰਥਿਕ ਤੰਗੀ ਨਾਲ ਜੂਝ ਰਹੇ ਪੰਜਾਬੀ ਪਹਿਲਾਂ ਨਾਲੋਂ ਵੀ ਜ਼ਿਆਦਾ ਪਰਵਾਸ ਜਾਣ ਲਈ ਉਤਸੁਕ ਹਨ ਜਦੋਂ ਕਿ ਅਮੀਰ ਪੰਜਾਬੀ ਪਰਵਾਸ ਜਾਣ ਤੋਂ ਝਿਜਕਦੇ ਹਨ ਕਿਉਂਕਿ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਦਿਨ-ਰਾਤ ਹੱਡ ਤੋੜਵੀਂ ਮਿਹਨਤ ਕਰਨੀ ਰਾਸ ਨਹੀਂ ਆਉਂਦੀ।

*(2 minutes and 36 seconds: tracks 38–49)*

**Question 04**

**ਡਿਜੀਟਲ ਪੰਜਾਬ**

ਰੇਡੀਓ ਪ੍ਰੋਗਰਾਮ ਵਿੱਚ ਵਾਰਤਾ ਦੀ ਸ਼ੁਰੂਆਤ ਸੁਣੋ ਅਤੇ ਸੰਖੇਪ ਵਿੱਚ ਲਿਖੋ।

ਡਿਜੀਟਲਾਈਜੇਸ਼ਨ ਨਾਲ ਪੰਜਾਬ ਸਰਕਾਰ ਦੇ ਕੰਮ-ਕਾਜ ਅਤੇ ਯੋਜਨਾਬੰਦੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਆਧਾਰ ਕਾਰਡ ਵਰਗੀ ਵਿਵਸਥਾ ਹਰੇਕ ਨਾਗਰਿਕ ਨੂੰ ਡਿਜੀਟਲ ਰੂਪ ਵਿੱਚ ਇੱਕ ਵਿਲੱਖਣ ਪਛਾਣ ਨੰਬਰ ਪ੍ਰਦਾਨ ਕਰਦੀ ਹੈ। ਹੁਣ ਸਰਕਾਰ ਆਪਣੇ ਨਾਗਰਿਕਾਂ ਲਈ ਲੋੜੀਂਦੀਆਂ ਸੇਵਾਵਾਂ ਦਾ ਯੋਗ ਪ੍ਰਬੰਧ ਕਰ ਸਕਦੀ ਹੈ ਅਤੇ ਗੈਰ-ਕਾਨੂੰਨੀ ਲੋਕਾਂ ਦੀ ਸ਼ਨਾਖਤ ਵੀ ਕਰ ਸਕਦੀ ਹੈ। ਇਸ ਵਰਤਮਾਨ ਯੁੱਗ ਵਿੱਚ ਲੋਕ ਔਨਲਾਈਨ ਟੈਕਸ ਰਿਟਰਨ ਭਰ ਸਕਦੇ ਹਨ। ਆਈ. ਟੀ. ਅਤੇ ਡਿਜੀਟਲਾਈਜੇਸ਼ਨ ਰਾਹੀਂ ਉਹ ਬਿਜਲੀ ਅਤੇ ਪਾਣੀ ਦੇ ਬਿੱਲਾਂ ਦਾ ਭੁਗਤਾਨ ਕਰ ਸਕਦੇ ਹਨ।

ਡਿਜੀਟਲਾਈਜੇਸ਼ਨ ਦੀ ਮਦਦ ਨਾਲ ਲੋਕ ਡਾਕਟਰਾਂ ਅਤੇ ਦਵਾਈਆਂ ਦੀ ਉਪਲਬਧਤਾ ਦੀ ਔਨਲਾਈਨ ਭਾਲ ਕਰਕੇ ਆਪਣਾ ਨਾਂ ਦਰਜ ਕਰਵਾ ਸਕਦੇ ਹਨ। ਇਸ ਕੰਮ ਲਈ ਲੋਕਾਂ ਨੂੰ ਆਪਣੀ ਵਾਰੀ ਲਈ ਘੰਟਿਆਂ ਬੱਧੀ ਲੰਬੀਆਂ ਕਤਾਰਾਂ ਵਿੱਚ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਸਰਕਾਰ ਨੇ ਹਰ ਵਰਗ ਦੇ ਲੋਕਾਂ ਲਈ ਘੱਟ ਲਾਗਤ ਤੇ ਸਵੱਲੀ, ਪਹੁੰਚਯੋਗ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਪਹਿਲ-ਕਦਮੀ ਕੀਤੀ ਹੈ। ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਲਈ ਜੀਵਨ-ਬੀਮਾ ਸਕੀਮ ਵਰਗੀਆਂ ਯੋਜਨਾਵਾਂ ਵੀ ਔਨਲਾਈਨ ਉਪਲਬਧ ਹਨ।

ਪਰ ਡਿਜੀਟਲਾਈਜੇਸ਼ਨ ਦਾ ਸਪੱਸ਼ਟ ਪ੍ਰਭਾਵ ਉਸ ਵੇਲੇ ਹੀ ਦੇਖਣ ਨੂੰ ਮਿਲ ਸਕਦਾ ਹੈ ਜਦੋਂ ਆਈ. ਟੀ. ਦਾ ਸਾਰਾ ਢਾਂਚਾ ਸਸਤਾ, ਪਹੁੰਚਯੋਗ ਅਤੇ ਆਸਾਨੀ ਨਾਲ ਉਪਲਬਧ ਹੋਵੇ। ਸਰਕਾਰ ਨੂੰ ਲੰਬੇ ਰਿਕਾਰਡਾਂ ਨੂੰ ਡਿਜੀਟਲਾਈਜ ਕਰਨ ਦੀ ਯੋਜਨਾ ਬਣਾਉਣੀ ਚਾਹੀਦੀ ਹੈ ਤਾਂ ਕਿ ਘਟ ਆਮਦਨੀ ਵਾਲੇ ਲੋਕਾਂ ਦੀ ਪਛਾਣ ਹੋ ਸਕੇ।

**END OF SECTION A**

**Turn over for Section C**

## Section C

## Multi-skill task

*(3 minutes and 20 seconds: tracks 50 –62)*

**Question 06**

**ਪੰਜਾਬੀ ਗੀਤ-ਸੰਗੀਤ**

ਤੁਸੀਂ ਪੰਜਾਬੀ ਗੀਤ-ਸੰਗੀਤ ਵਿੱਚ ਆਏ ਬਦਲਾਅ ਬਾਰੇ ਰੇਡੀਓ ਤੇ ਗੱਲਬਾਤ ਦਾ ਇੱਕ ਹਿੱਸਾ ਸੁਣਦੇ ਹੋ।

**F** ਇੰਝ ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਗੀਤਾਂ ਵਿੱਚੋਂ ਮੋਹ ਨਾਲ ਭਿੱਜੇ ਬੋਲ ਮਾਨੋ ਖੰਭ ਲਾ ਕੇ ਉੱਡ ਗਏ ਹਨ ਅਤੇ ਰੂਹ ਨੂੰ ਸ਼ਾਂਤੀ ਦੇਣ ਵਾਲੇ ਗੀਤ ਸੁਣਨ ਲਈ ਕੰਨ ਤਰਸ ਗਏ ਹਨ। ਇੰਝ ਵੀ ਲਗਦਾ ਹੈ ਕਿ ਗੀਤਕਾਰਾਂ ਜਾਂ ਗਾਇਕਾਂ ਦੇ ਜ਼ਿਆਦਾਤਰ ਮਾਪੇ ਉਨ੍ਹਾਂ ਨੂੰ ਆਪਣੇ ਵਿਰਸੇ, ਸਭਿਆਚਾਰ ਅਤੇ ਇਤਿਹਾਸ ਬਾਰੇ ਜਾਣਕਾਰੀ ਨਹੀਂ ਦਿੰਦੇ।

**M** ਤੁਹਾਡੀ ਗੱਲ ਬਿਲਕੁਲ ਠੀਕ ਹੈ। ਅਸਲ ਵਿੱਚ ਸੰਗੀਤ ਉਦਯੋਗ ਤੇ ਉਨ੍ਹਾਂ ਲੋਕਾਂ ਦਾ ਕਬਜ਼ਾ ਹੋ ਚੁੱਕਾ ਹੈ ਜਿਨ੍ਹਾਂ ਨੂੰ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਰਹਿਣ-ਸਹਿਣ ਦਾ ਪੂਰਾ ਗਿਆਨ ਨਹੀਂ ਹੈ, ਜਿਸ ਦੇ ਨਤੀਜੇ ਵਜੋਂ ਬਹੁਤ ਘਟੀਆ ਦਰਜੇ ਦੇ ਗੀਤ ਬਜ਼ਾਰ ਵਿੱਚ ਆ ਰਹੇ ਹਨ ਜਿਨ੍ਹਾਂ ਨੂੰ ਸੁਣ ਕੇ ਪੰਜਾਬੀ ਹੋਣ ਤੇ ਮਾਣ ਨਹੀਂ ਸਗੋਂ ਸ਼ਰਮ ਆਉਂਦੀ ਹੈ।

**F** ਅੱਜ ਕੱਲ੍ਹ ਜ਼ਿਆਦਾਤਰ ਨੌਜਵਾਨਾਂ ਦੇ ਸਿਰ ਗੀਤਕਾਰ ਜਾਂ ਗਾਇਕ ਬਣਨ ਦਾ ਪਾਗਲਪਨ ਸਵਾਰ ਹੈ, ਤੁਹਾਡੇ ਖਿਆਲ ਵਿੱਚ ਇਸ ਪਾਗਲਪਨ ਦਾ ਅਸਲੀ ਕਾਰਨ ਕੀ ਹੈ?

**M** ਨੌਜਵਾਨਾਂ ਦਾ ਵਿਚਾਰ ਹੈ ਕਿ ਜ਼ਿਆਦਾ ਪੜ੍ਹਾਈ ਕਰਨ ਨਾਲ ਨੌਕਰੀ ਤਾਂ ਮਿਲਣੀ ਨਹੀਂ, ਜੇ ਨੌਕਰੀ ਮਿਲ ਵੀ ਗਈ, ਤਾਂ ਇੰਨਾਂ ਪੈਸਾ ਜੁੜਨਾ ਮੁਸ਼ਕਿਲ ਹੈ ਜਿੰਨਾਂ ਪੈਸਾ ਗਾਇਕ ਜਾਂ ਗੀਤਕਾਰ ਬਣ ਕੇ ਦੋ-ਚਾਰ ਸਾਲਾਂ ਵਿੱਚ ਕਮਾਇਆ ਜਾ ਸਕਦਾ ਹੈ। ਬਹੁਤੇ ਨੌਜਵਾਨਾਂ ਨੂੰ ਇਹ ਭਰਮ ਹੈ ਕਿ ਸ਼ਾਇਦ ਉਹ ਇੱਕ ਗੀਤ ਲਿਖ ਕੇ ਜਾਂ ਗਾ ਕੇ ਸੋਸ਼ਲ ਮੀਡੀਆਂ ਉੱਪਰ ਪਾਉਣ ਨਾਲ ਰਾਤੋ-ਰਾਤ ਸਟਾਰ ਬਣ ਜਾਣਗੇ।

**F** ਇੰਝ ਲਗਦਾ ਹੈ ਕਿ ਪੈਸਾ ਨੌਜਵਾਨਾਂ ਨੂੰ ਸੰਗੀਤ ਵੱਲ ਖਿੱਚਦਾ ਹੈ, ਭਾਵੇਂ ਉਨ੍ਹਾਂ ਕੋਲ ਪ੍ਰਤਿਭਾ ਹੋਵੇ ਜਾਂ ਨਾ ਹੋਵੇ। ਇਸ ਕਰਕੇ ਪੈਸੇ ਦੇ ਜ਼ੋਰ ਨਾਲ ਉਹ ਲੋਕ ਵੀ ਇਸ ਕਿੱਤੇ ਵਿੱਚ ਆ ਜਾਂਦੇ ਹਨ ਜਿਨ੍ਹਾਂ ਨੇ ਸੰਗੀਤ ਦੀ ਕੋਈ ਰਸਮੀ ਸਿੱਖਿਆ ਨਹੀਂ ਲਈ ਅਤੇ ਉਹ ਪ੍ਰਤਿਭਾਸ਼ਾਲੀ ਵੀ ਨਹੀਂ ਹਨ। ਫਿਰ ਪੰਜਾਬੀ ਸੰਗੀਤ ਦਾ ਭਵਿੱਖ ਇੰਨਾਂ ਉਜਲਾ ਤਾਂ ਨਹੀਂ ਲਗਦਾ?

**M** ਨਹੀਂ ਜੀ, ਇੰਨਾਂ ਵੀ ਨਿਰਾਸ਼ਾਵਾਦੀ ਹੋਣ ਦੀ ਲੋੜ ਨਹੀਂ। ਅਜੇ ਵੀ ਇਹੋ-ਜਿਹੇ ਪ੍ਰਤਿਭਾਸ਼ਾਲੀ ਗਾਇਕ ਜਾਂ ਗੀਤਕਾਰ ਸਰਗਰਮ ਹਨ ਜਿਹੜੇ ਆਪਣੇ ਗੀਤਾਂ ਵਿੱਚ ਪੰਜਾਬੀ ਸਭਿਆਚਾਰ ਅਤੇ ਜਨ-ਜੀਵਨ ਦੀ ਸਹੀ ਤਸਵੀਰ ਪੇਸ਼ ਕਰਦੇ ਹਨ ਪਰ ਅਜਿਹੇ ਕਲਾਕਾਰ ਬਹੁਤ ਹੀ ਥੋੜ੍ਹੇ ਹਨ।

**END OF RECORDING**

**There are no questions printed on this page**

**There are no questions printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2022 AQA and its licensors. All rights reserved.